ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ:) ਪੰਜਾਬ,
ਕੰਪਲੈਕਸ, ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-ਈ, ਫੇਜ-8, ਐਸ.ਏ.ਐਸ. ਨਗਰ।
(ਅਮਲਾ-2 ਸ਼ਾਖਾ)
E-mail ID: dpiee.establishment2@punjabeducation.gov.in

# ਪਬਲਿਕ ਨੋਟਿਸ

ਨੰ: 6/5-2019 ਅਮਲਾ-2(ਭ-1) /1469 ਮਿਤੀ : 13-09-2019

ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ ਮਿਤੀ 08-03-2019 ਨੂੰ ਹੈਡ ਟੀਚਰਾਂ ਦੀਆਂ 1558 ਅਸਾਮੀਆਂ ਅਤੇ ਸੈਂਟਰ ਹੈਡ ਟੀਚਰਾਂ ਦੀਆਂ 375 ਅਸਾਮੀਆਂ ਲਈ ਦਿੱਤੇ ਗਏ ਵਿਗਿਆਪਨ ਅਨੁਸਾਰ ਚੁਣੇ ਗਏ ਉਮੀਦਵਾਰਾਂ ਨੂੰ ਵਿਭਾਗ ਵੱਲੋਂ ਮਿਤੀ 07-09-2019 ਤੋਂ 10-09-2019 ਤੱਕ ਸਟੇਸ਼ਨ ਚੋਣ ਕਰਵਾਈ ਗਈ ਸੀ। ਇਨ੍ਹਾਂ ਅਸਾਮੀਆਂ ਲਈ ਚੁਣੇ/ਨਿਯੁੱਕਤ ਹੋਏ ਉਮੀਦਵਾਰਾਂ ਵੱਲੋਂ ਉਨ੍ਹਾਂ ਦੇ ਜੁਆਇਨਿੰਗ ਸਮੇਂ ਵਿੱਚ ਵਾਧਾ ਕਰਨ ਸਬੰਧੀ ਇਸ ਦਫਤਰ ਨੂੰ ਪ੍ਰਤੀਬੇਨਤੀਆਂ ਦਿੱਤੀਆਂ ਜਾ ਰਹੀਆਂ ਹਨ। ਕਿਉਂ ਜੋ ਸੈਂਟਰ ਹੈਡ ਟੀਚਰ/ਹੈਡ ਟੀਚਰ ਦੀਆਂ ਅਸਾਮੀਆਂ ਜਿਲਾ ਕਾਡਰ ਦੀਆਂ ਅਸਾਮੀਆਂ ਹਨ ਅਤੇ ਇਨ੍ਹਾਂ ਦੇ ਨਿਯੁੱਕਤੀ ਅਧਿਕਾਰੀ ਸਬੰਧਤ ਜਿਲਾ ਸਿੱਖਿਆ ਅਫਸਰ (ਐਸਿ) ਹਨ। ਇਸ ਲਈ ਜਿਨ੍ਹਾਂ ਉਮੀਦਵਾਰਾਂ ਵੱਲੋਂ ਉਨ੍ਹਾਂ ਦੇ ਜੁਆਇਨਿੰਗ ਸਮੇਂ ਵਿੱਚ ਵਾਧੇ ਲਈ ਪ੍ਰਤੀਬੇਨਤੀ ਦੇਣੀ ਹੈ, ਉਹ ਆਪਣੇ ਉਸ ਜਿਲੇ ਦੇ ਸਬੰਧਤ ਜਿਲਾ ਸਿੱਖਿਆ ਅਫਸਰ (ਐਸਿ) ਦੇ ਦਫਤਰ ਵਿਚ ਦੇਣ, ਜਿਸ ਜਿਲੇ ਵਿੱਚ ਉਨ੍ਹਾਂ ਦੀ ਪੋਸਟਿੰਗ ਹੋਈ ਹੈ। ਜਿਲਾ ਸਿੱਖਿਆ ਅਫਸਰ (ਐਸਿ) ਉਨ੍ਹਾਂ ਦੇ ਜਿਲੇ ਨਾਲ ਸਬੰਧਤ ਉਮੀਦਵਾਰਾਂ ਦੇ ਜੁਆਇਨਿੰਗ ਸਮੇਂ ਵਿੱਚ ਵਾਧਾ ਕਰਨ ਸਬੰਧੀ ਪ੍ਰਾਪਤ ਹੋਈਆਂ ਪ੍ਰਤੀਬੇਨਤੀਆਂ ਦਾ ਨਿਪਟਾਰਾ ਨਿਯੁੱਕਤੀ ਅਧਿਕਾਰੀ ਹੋਣ ਦੇ ਨਾਤੇ ਆਪਣੇ ਪੱਧਰ ਤੇ ਰੂਲਾਂ/ਹਦਾਇਤਾਂ ਅਨੁਸਾਰ ਕਰਨ।

13-9-19
ਡਾਇਰੈਕਟਰ ਸਿੱਖਿਆ ਵਿਭਾਗ (ਐਸਿ) ਪੰਜਾਬ।